<u>ਪੰਜਾਬ ਵਿਧਾਨ ਸਭਾ ਸਕੱਤਰੇਤ</u>

ਮੰਗਲਵਾਰ,ਮਿਤੀ 03 ਮਾਰਚ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

**<u>ਬੁਢਾਪਾ ਸਕੀਮ, ਸ਼ਗਨ ਸਕੀਮ ਅਤੇ ਮਨਰੇਗਾ ਦੇ ਲਾਭਪਾਤਰੀਆਂ ਨੂੰ ਸੇਵਾਵਾਂ ਦੇ ਲਾਭ ਦੇਣਾ</u>**

**330.ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਾਪਾ ਸਕੀਮ, ਸ਼ਗਨ ਸਕੀਮ ਅਤੇ ਮਨਰੇਗਾ ਦੇ ਲਾਭਪਾਤਰੀਆਂ ਨੂੰ ਇਹਨਾਂ ਸੇਵਾਵਾਂ ਦਾ ਲਾਭ ਸਮੇਂ ਸਿਰ ਨਹੀਂ ਮਿਲਦਾ; ਜੇਕਰ ਅਜਿਹਾ ਹੈ ਤਾਂ ਇਹਨਾਂ ਸੇਵਾਵਾਂ ਨੂੰ ਸਮੇਂ ਤੇ ਦੇਣਾ ਯਕੀਨੀ ਬਣਾਉਣ ਲਈ ਸਰਕਾਰ ਕੀ ਕਰ ਰਹੀ ਹੈ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

<u>ਸਬ-ਡਵੀਜ਼ਨ ਬੁਢਲਾਡਾ ਦੇ ਪਿੰਡਾਂ ਦੀ ਸੜੀ ਫਸਲ ਦਾ ਮੁਆਵਜਾ ਦੇਣਾ</u>

**412. ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜਨ ਬੁਢਲਾਡਾ ਦੇ 8 ਪਿੰਡਾਂ ਵਿਚ ਅਪ੍ਰੈਲ, ਮਈ 2019 ਦੌਰਾਨ ਕਣਕ ਦੀ ਫਸਲ ਕਿਸੇ ਕਾਰਨ ਸੜ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਪੀੜਤ ਕਿਸਾਨਾਂ ਨੂੰ ਕਿੰਨਾਂ-ਕਿੰਨਾਂ ਮੁਆਵਜਾ ਦਿੱਤਾ ਗਿਆ ਹੈ ਅਤੇ ਜੇਕਰ ਨਹੀਂ ਦਿੱਤਾ ਤਾਂ ਕਦੋਂ ਤੱਕ ਇਹ ਮੁਆਵਜਾ ਸਬੰਧਿਤ ਕਿਸਾਨਾਂ ਨੂੰ ਦੇਣ ਦਾ ਵਿਚਾਰ ਹੈ?

<u>ਆਈ.ਟੀ.ਆਈ. ਬੁਢਲਾਡਾ ਵਿਖੇ ਮਨਜੂਰਸ਼ੁਦਾ ਅਸਾਮੀਆਂ</u>

**413. ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਆਈ.ਟੀ.ਆਈ. ਬੁਢਲਾਡਾ ਵਿਖੇ ਕਿਹੜੀਆਂ-ਕਿਹੜੀਆਂ ਟ੍ਰੇਡਾਂ ਚਲ ਰਹੀਆ ਹਨ ਅਤੇ ਇਨ੍ਹਾਂ ਵਿੱਚ ਕੁੱਲ ਕਿੰਨੀਆਂ ਪੋਸਟਾਂ ਮੰਨਜੂਰ ਹਨ ਅਤੇ ਕਿੰਨੀਆਂ ਖਾਲੀ ਹਨ;

ਅ) ਕੀ ਇਹ ਟ੍ਰੇਡਾਂ ਚਲਾਉਣ ਲਈ ਅਧਿਆਪਕ (ਗਰੁੱਪ ਇੰਨਸਟੱਰਕਟਰ) ਪੂਰੇ ਹਨ; ਜੇਕਰ ਖਾਲੀ ਪੋਸਟਾਂ ਹਨ ਤਾਂ ਉਹਨਾਂ ਨੂੰ ਭਰਨ ਲਈ ਸਰਕਾਰ ਕੀ ਉਪਰਾਲਾ ਕਰ ਰਹੀ ਹੈ;

ੲ) ਆਈ.ਟੀ.ਆਈ. ਬੁਢਲਾਡਾ ਦੀ ਬਿਲਡਿੰਗ ਦੀ ਮੁਰੰਮਤ ਲਈ ਸਰਕਾਰ ਕਦੋਂ ਤੱਕ ਲੋੜੀਂਦਾ ਫੰਡ ਜਾਰੀ ਕਰੇਗੀ?

<u>ਰੇਲਵੇ ਪੁੱਲ ਤੇ ਦੁਬਾਰਾ ਲਾਈਟਾਂ ਚਾਲੂ ਕਰਨਾ</u>

**414. ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਵਿਖੇ ਰੇਲਵੇ ਪੁੱਲ ਤੇ ਜੋ ਪਹਿਲਾਂ ਲਾਈਟਾਂ ਚਲਦੀਆਂ ਸਨ, ਉਹ ਅੱਜ ਕੱਲ ਬੰਦ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਲਾਈਟਾਂ ਜੋ ਨਗਰ ਕੌਂਸਲ ਬੁਢਲਾਡਾ ਦੇ ਅਧੀਨ ਪੈਂਦੀਆਂ ਹਨ, ਕਦੋਂ ਤੱਕ ਦੁਬਾਰਾ ਚਾਲੂ ਕਰ ਦਿੱਤੀਆਂ ਜਾਣਗੀਆਂ?

<u>ਸਿੰਚਾਈ ਲਈ ਮੋਟਰ ਕੁਨੈਕਸ਼ਨ ਜਾਰੀ ਕਰਨਾ</u>

**415. ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਿੰਨ੍ਹਾ ਕਿਸਾਨਾਂ ਨੂੰ ਸਿੰਚਾਈ ਲਈ ਮੋਟਰ ਕੁਨੈਕਸ਼ਨ ਜਾਰੀ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਗਏ ਸਨ, ਉਹਨਾਂ ਨੂੰ ਡਿਮਾਂਡ ਨੋਟਿਸ ਦਾ ਸਮਾਂ ਵਧਾਉਣ ਦੀ ਆਗਿਆ ਲੋੜੀਂਦੀ ਫੀਸ ਭਰਕੇ ਦਿੱਤੀ ਗਈ ਸੀ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਜੋ ਕਿਸਾਨ ਫੇਰ ਵੀ ਨਿਯਤ ਤਿੰਨ ਮਹੀਨੇ ਵਿਚ ਕੁਨੈਕਸ਼ਨ ਕਿਸੇ ਕਾਰਨ ਨਹੀਂ ਲੈ ਸਕੇ ਜਾਂ ਇਸ ਸਬੰਧੀ ਅਗਿਆਨ ਸੀ, ਕੀ ਉਹਨਾ ਲੋੜਵੰਦ ਕਿਸਾਨਾਂ ਨੂੰ ਇਕ ਵਾਰ ਹੋਰ ਸਮਾਂ ਸੀਮਾਂ ਵਧਾਉਣ ਦਾ ਵਿਚਾਰ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਸਕਦਾ ਹੈ?

2/3/2020
ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਚੰਡੀਗੜ੍ਹ
ਮਿਤੀ 28 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।